This Booklet contains 20 printed pages.
इस पुस्तिका में 20 मुद्रित पृष्ठ हैं।

**AK14II**

**Test Booklet No.**
परीक्षा पुस्तिका संख्या

# PAPER—II / प्रश्न-पत्र—II

## PUNJABI LANGUAGE SUPPLEMENT / पंजाबी भाषा परिशिष्ट

## PART—IV & V / भाग—IV & V

**Test Booklet Code**
परीक्षा पुस्तिका संकेत

**N**

Do not open this Test Booklet until you are asked to do so.
इस परीक्षा पुस्तिका को तब तक न खोलें जब तक कहा न जाए।

Read carefully the Instructions on the Back Cover (Pages 19 & 20) of this Test Booklet.
इस परीक्षा पुस्तिका के पिछले आवरण (पृष्ठ 19 व 20) पर दिए गए निर्देशों को ध्यान से पढ़ें।

**For Instructions in Punjabi see Page 2 of this Booklet.**
**पंजाबी में निर्देशों के लिए इस पुस्तिका का पृष्ठ 2 देखें।**

### *Instructions for Candidates :*

1. This booklet is a supplement to the Main Test Booklet for those candidates who wish to answer **EITHER** Part—IV (Language—I) **OR** Part—V (Language—II) in **PUNJABI** language, but **NOT BOTH**.
2. Candidates are required to answer Part—I, and Part—II OR III from the Main Test Booklet and Parts—IV and V from the languages chosen by them.
3. Questions on English and Hindi languages for Part—IV and Part—V have been given in the Main Test Booklet. Language Supplements can be asked for separately.
4. Use **Blue/Black Ballpoint Pen only** for writing particulars on this page/marking responses in the Answer Sheet.
5. The CODE for this Language Booklet is **N**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **Two** Parts—IV and V, consisting of **60** Objective-type Questions and each carrying 1 mark :
   Part-IV : Language-I (Punjabi) (Q. Nos. 91–120)
   Part-V : Language-II (Punjabi) (Q. Nos. 121–150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi Language have been given. **In case the language(s) you have opted for as Language-I and/or Language-II is a language other than Punjabi, please ask for a Test Booklet that contains questions on that Language. The languages being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

### *परीक्षार्थियों के लिए निर्देश :*

1. यह पुस्तिका मुख्य परीक्षा पुस्तिका की एक परिशिष्ट है उन परीक्षार्थियों के लिए जो या तो भाग—IV (भाषा—I) **या** भाग—V (भाषा—II) का उत्तर **पंजाबी** भाषा में देना चाहते हैं, लेकिन **दोनों नहीं।**
2. परीक्षार्थी भाग—I, एवं भाग—II या III के उत्तर मुख्य परीक्षा पुस्तिका से दें और भाग—IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग—IV व भाग—V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर-पत्र पर निशान लगाने के लिए केवल **नीले/काले बॉलपॉइंट पेन** का प्रयोग करें।
5. इस भाषा पुस्तिका का **संकेत N** है। यह सुनिश्चित कर लें कि इस भाषा परिशिष्ट पुस्तिका का संकेत, उत्तर-पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग—IV और V हैं, जिनमें **60** वस्तुनिष्ठ प्रश्न हैं तथा प्रत्येक 1 अंक का है :
   भाग–IV : भाषा–I (पंजाबी) (प्रश्न सं० 91–120)
   भाग–V : भाषा–II (पंजाबी) (प्रश्न सं० 121–150)
7. भाग–IV में भाषा–I के लिए 30 प्रश्न और भाग–V में भाषा–II के लिए 30 प्रश्न दिए गए हैं। इस परीक्षा पुस्तिका में केवल पंजाबी भाषा से सम्बन्धित प्रश्न दिए गए हैं। **यदि भाषा–I और/या भाषा–II में आपके द्वारा चुनी गई भाषा(एँ) पंजाबी के अलावा है/हैं, तो कृपया उस भाषा वाली परीक्षा पुस्तिका माँग लें। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग–V (भाषा–II) के लिए, भाषा सूची से ऐसी भाषा चुनें जो उनके द्वारा भाषा–I (भाग–IV) में चुनी गई भाषा से भिन्न हो।**
9. रफ़ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर-पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

Name of the Candidate (in Capitals) : ____________________
परीक्षार्थी का नाम (बड़े अक्षरों में)

Roll Number (in figures) : ____________________
अनुक्रमांक (अंकों में)
(in words) : ____________________
(शब्दों में)

Centre of Examination (in Capitals) : ____________________
परीक्षा-केन्द्र (बड़े अक्षरों में)

Candidate's Signature : ____________________
परीक्षार्थी के हस्ताक्षर

Invigilator's Signature : ____________________
निरीक्षक के हस्ताक्षर

Facsimile signature stamp of Centre Superintendent ____________________

**15-II**

# AK14II

ਪਰੀਖਿਆ ਪੁਸਤਿਕਾ ਸੰਕੇਤ

**N**

## ਪੇਪਰ—II

## ਪੰਜਾਬੀ ਭਾਸ਼ਾ ਪੂਰਕ

## ਭਾਗ—IV & V

ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ

ਇਸ ਪਰੀਖਿਆ ਪੁਸੱਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ—IV (ਭਾਗ—I)ਜਾਂ ਭਾਗ—V (ਭਾਗ—II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾ ਵਿੱਚ ਨਹੀਂ।
2. ਪਰੀਖਿਆਰਥੀ ਭਾਗ—I; ਅਤੇ ਭਾਗ—II ਜਾਂ III ਦੇ ਉੱਤਰ ਸੁੱਥ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ—IV ਅਤੇ ਭਾਗ—V ਦੇ ਉੱਤਰ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੱਗਰੇਜੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਪ੍ਰਸ਼ਨ ਸੁੱਥ ਪਰੀਖਿਆ ਵਿੱਚ ਭਾਗ—IV ਅਤੇ ਭਾਗ—V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ ਕੇਵਲ ਨੀਲੇ-ਕਾਲੇ ਬਾਲ ਪੁਆਇੰਟ ਪੈਂਨ ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ ਪੁਸਤਿਕਾ ਦਾ ਸੰਕੇਤ ਹੈ **N**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ ਪੱਤਰ ਦੇ **ਪੰਨਾ-2** ਅਤੇ ਸੁੱਧ ਪਰੀਖਿਆ-ਪਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ—IV ਅਤੇ V ਹਨ ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ-IV : ਭਾਸ਼ਾ-I (ਪੰਜਾਬੀ) (ਪ੍ਰ. 91-120)

   ਭਾਗ-V : ਭਾਸ਼ਾ-II (ਪੰਜਾਬੀ) (ਪ੍ਰ. 121-150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ 30 ਪ੍ਰਸ਼ਨ ਦਿੱਤੇ ਗਏ ਹਨ। ।ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। ਅਗਰ ਭਾਸ਼ਾ I ਅਤੇ/ ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁੱਸਤਿਕਾ ਮੰਗ ਲਉ। ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦਿਆਂ ਹਨ।
8. **ਪਰੀਖਿਆਰਥੀ ਭਾਗ V (ਭਾਸਾ II) ਲਈ, ਭਾਸ਼ਾ ਸੂਰੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਡੇ ਉੱਤਰ ਕੇਵਲ ਓ.ਐਮ.ਆਰ (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿਚ) : ____________________

ਰੋਲ ਨੰਬਰ (ਅੰਕਾ ਵਿੱਚ) : ____________________

(ਸ਼ਬਦਾਂ ਵਿੱਚ) : ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ____________________

ਪਰੀਖਿਆਰਥੀ ਦੇ ਦਸਖ਼ਤ : ____________ ਨਿਰੀਖਿਅਕ ਦੇ ਦਸਖ਼ਤ : ____________

Facsimile signature stamp of Centre Superintendent ____________________

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ ਭਾਸ਼ਾ—I ਦਾ ਵਿਕਲਪ ਪੰਜਾਬੀ ਚੁਣਿਆਂ ਹੈ।

## ਭਾਗ—IV : ਭਾਸ਼ਾ—I

## ਪੰਜਾਬੀ

***ਨਿਰਦੇਸ਼*** : ਹੇਠ ਲਿਖੇ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਦਿਓ (**91–105**) :

**91.** ਜਦੋਂ ਸਿਖਿਆਰਥੀ ਅਰਥ ਦੇ ਵਿਚਾਰ ਵਟਾਂਦਰੇ ਰਾਹੀਂ ਸੰਚਾਰ ਦੀ ਸਮਰੱਥਾ ਹਾਸਲ ਕਰ ਲੈਣ ਤਾਂ ਇਸ ਦਾ ਭਾਵ ਹੈ ਕਿ ਉਹ –

(1) ਆਪਣੇ ਕੋਰਸ ਨਾਲ ਸੰਬੰਧਤ ਭੁਲੇਖੇ ਦੂਰ ਕਰਨ ਵਾਸਤੇ ਅਧਿਆਪਕ ਨਾਲ ਸੰਚਾਰ ਕਰਦੇ ਹਨ

(2) ਸਮੇਂ-ਸਮੇਂ ਉਪਰ ਇਕ ਸ਼ਬਦਕੋਸ਼ ਦਾ ਹਵਾਲਾ ਦਿੰਦੇ ਹਨ ਤਾਂ ਜੋ ਸ਼ਬਦਾਂ ਦਾ ਢੁਕਵਾਂ ਅਰਥ ਜਾਣਕੇ ਉਨ੍ਹਾਂ ਦੀ ਵਰਤੋਂ ਕਰ ਸਕਣ

(3) ਸੂਚਨਾ ਸਾਂਝੀ ਕਰਕੇ ਅੱਗੋਂ ਸਪੱਸ਼ਟੀਕਰਨ ਮੰਗਦੇ ਹਨ ਅਤੇ ਸੂਝਬੂਝ ਲਈ ਉਸ ਸੂਚਨਾ ਨੂੰ ਮੁੜ-ਤਰਤੀਬ ਦਿੰਦੇ ਹਨ

(4) ਵਿਆਕਰਣਕ ਬਣਤਰਾਂ ਦੀ ਵਰਤੋਂ ਕਰਦੇ ਹਨ

**92.** ਹੇਠ ਲਿਖੀਆਂ ਭਾਸ਼ਾਈ ਮੁਹਾਰਤਾਂ ਆਸਾਨੀ ਨਾਲ ਇਸ ਕ੍ਰਮ ਅਨੁਸਾਰ ਹਾਸਲ ਕੀਤੀਆਂ ਜਾ ਸਕਦੀਆਂ ਹਨ...

(1) ਬੋਲਣਾ - ਸੁਣਨਾ - ਪੜ੍ਹਨਾ - ਲਿਖਣਾ

(2) ਸੁਣਨਾ - ਬੋਲਣਾ - ਲਿਖਣਾ - ਪੜ੍ਹਨਾ

(3) ਸੁਣਨਾ - ਬੋਲਣਾ - ਪੜ੍ਹਨਾ- ਲਿਖਣਾ

(4) ਸੁਣਨਾ - ਪੜ੍ਹਨਾ - ਬੋਲਣਾ - ਲਿਖਣਾ

**93.** ਭਾਸ਼ਾ ਦੀ ਸਿਖਲਾਈ ਚੰਗੇਰੇ ਢੰਗ ਨਾਲ ਹੋ ਸਕਦੀ ਹੈ ਜੇਕਰ ਉਹ

(1) ਇਸ ਨੂੰ ਇਕ ਨਿਯੰਤਰਿਤ ਜਮਾਤ ਦੇ ਮਹੌਲ ਵਿਚ ਸਿੱਖਣ

(2) ਰੂਪ ਤੇ ਧੁਨੀ ਵਿਚ ਉਨ੍ਹਾਂ ਦੀ ਮਾਂ-ਬੋਲੀ ਦੇ ਨੇੜੇ ਹੋਵੇ

(3) ਉਨ੍ਹਾਂ ਦੇ ਕਾਲਜ ਵਿਚ ਦਾਖਲੇ ਦੇ ਮੌਕਿਆਂ 'ਚ ਸੁਧਾਰ ਕਰਨ ਵਿਚ ਸਹਾਈ ਹੋਵੇ

(4) ਉਨ੍ਹਾਂ ਦੇ ਜੀਵਨ ਮੁੱਲਾਂ ਤੇ ਟੀਚਿਆਂ ਪੱਖੋਂ ਕ੍ਰਿਆਤਮਕ ਹੋਵੇ

**94.** ਇਹ ਅਭਿਆਸ ਵਿਦਿਆਰਥੀਆਂ ਨੂੰ ਸਿਰਲੇਖ ਨਾਲ ਸੰਭਾਵਤ ਉੱਤਰਾਂ ਦੀ ਇਕ ਸੂਚੀ ਬਨਾਉਣ ਲਈ ਆਖਦਾ ਹੈ। ਆਡੀਓ ਰਿਕਾਰਡਿੰਗ ਚਲਾਉਣ ਤੋਂ ਪਹਿਲਾਂ ਇਕ ਪਾਠ-ਪੁਸਤਕ ਵਿਚ ਕਿਸ ਤਰ੍ਹਾਂ ਦੀ ਸੂਚਨਾ ਨਜ਼ਰ ਆਵੇਗੀ। ਇਥੇ ਵਿਦਿਆਰਥੀ

(1) ਪਾਠ ਦੇ ਵਿਸ਼ੇ ਦਾਂ ਜਲਦੀ ਨਾਲ ਅਨੁਮਾਨ ਲਾਉਣਗੇ

(2) ਤੱਥਾਂ ਦੀ ਜਾਂਚ ਕਰਨਗੇ

(3) ਪ੍ਰਸ਼ਨਾਂ ਦੇ ਉੱਤਰ ਦੇਣ ਵਾਸਤੇ ਅਨੁਮਾਨ ਲਾਉਣਗੇ

(4) ਖਾਲੀ ਥਾਵਾਂ ਵਿਚ ਸੂਚਨਾ ਭਰਨਗੇ

**95.** ਵਿਦਿਆਰਥੀ ਬੋਲਣ ਵਾਸਤੇ ਬੋਲਣ ਲਈ ਬਹੁਤ ਖੁਸ਼ ਹਨ। ਇਸ ਅਭਿਆਸ ਨੂੰ ਹੋਰ ਲਾਹੇਵੰਦ ਬਣਾਇਆ ਜਾ ਸਕਦਾ ਹੈ

(1) ਵਰਤੋਂ ਲਈ ਸ਼ਬਦਾਵਲੀ ਦੀ ਇਕ ਵਿਸ਼ੇਸ਼ ਸੂਚੀ ਦੇ ਕੇ

(2) ਠੀਕ ਬਣਤਰ ਤੇ ਉਚਾਰਨ ਨੂੰ ਸੁਣਕੇ

(3) ਕੁੱਝ ਲਿਖਕੇ ਜਾਂ ਪੜਕੇ ਅਭਿਆਸ ਵਿਚ ਅੜਿਕਾ ਪਾ ਕੇ

(4) ਅਖ਼ੀਰ ਵਿਚ ਇਕ ਕੰਮ ਨੂੰ ਮੁਕੰਮਲ ਕਰਨ ਨੂੰ ਉਤਸ਼ਾਹਤ ਕਰਕੇ

**96.** ਮਨੁੱਖੀ ਵਿਚਾਰ ਅਤੇ ਅਸਰਦਾਰ ਮਨੁੱਖੀ ਸੰਚਾਰ (ਲਿਖਣ/ਬੋਲਣ) ਵਿਚਕਾਰ ਵੱਡਾ/ਮੁਢਲਾ ਸੰਪਰਕ ਹੈ:

(1) ਉਚਾਰਨ/ਸੁਰ

(2) ਕੈਪੀਟਲਾਈਜ਼ੇਸ਼ਨ ਤੇ ਉਚਾਰਨ

(3) ਸੂਚਨਾ ਤੇ ਦਬਾਅ

(4) ਵਿਆਕਰਣਕ ਬਣਤਰਾਂ

**97.** ਅਧਿਆਪਕ ਇਕ ਵੀਡੀਓ ਦਿਖਾ ਕੇ ਵਿਆਕਰਣਕ ਬਣਤਰਾਂ ਅੰਤੇ ਨੇਮਾਂ ਨੂੰ ਦਰਸਾਉਂਦਾ ਹੈ। ਵਿੱਦਿਆਰਥੀ ਹੋਰ ਅਸਰਦਾਰ ਸੰਚਾਰ ਲਈ ਲਿਖਣ ਜਾਂ ਬੋਲਣ ਸਮੇਂ ਬਣਤਰਾਂ ਦੀ ਵਰਤੋਂ ਕਰਦਾ ਹੈ। ਇਹ ਪਹੁੰਚ ਹੈ

(1) ਕਨਸਟਰਕਟਿਵ

(2) ਇਨਡਕਟਿਵ

(3) ਡੀਡਕਟਿਵ

(4) ਰੀਡਕਟਿਵ

**98.** ਵਿਦਿਆਰਥੀ ਦੇ ਲਿਖਤੀ ਕੰਮ 'ਚ ਗ਼ਲਤੀ ਦੀ ਸੋਧ ਕਰਨਾ ਬਹੁਤ ਅਸਰਦਾਰ ਹੁੰਦਾ ਹੈ ਜਦੋਂ ਅਧਿਆਪਕ

(1) ਜਦ ਤੱਕ ਵਿਦਿਆਰਥੀ ਠੀਕ ਤਰ੍ਹਾਂ ਨਾ ਸਿੱਖ ਲੈਣ ਉਨ੍ਹਾਂ ਨੂੰ ਹੋਰ ਅਭਿਆਸ ਕਰਾਉਂਦਾ ਹੈ

(2) ਬੋਰਡ ਉਪਰ ਠੀਕ ਉੱਤਰ ਲਿਖਦਾ ਹੈ

(3) ਗ਼ਲਤ ਉੱਤਰ ਦੁਹਰਾਉਂਦਾ ਹੈ

(4) ਸੰਕੇਤਾਂ ਤੇ ਵਿਦਿਆਰਥੀਆਂ ਦੀ ਸਵੈ-ਸੋਧ ਦੀ ਵਰਤੋਂ ਨਾਲ ਮੁੱਖ ਗ਼ਲਤੀਆਂ ਬਾਰੇ ਦੱਸਦਾ ਹੈ

**99.** ਵਿਦਿਆਰਥੀ ਹਮੇਸ਼ਾ ਜਮਾਤ ਦੇ ਅੰਦਰ ਜਾਂ ਬਾਹਰ ਪਾਠ ਇਕ ਤੇ ਪਾਠ ਤਿੰਨ ਦੀ ਪੇਸ਼ਕਾਰੀ ਨੂੰ ਸੁਣਨ ਤੇ ਸਮਝਣ 'ਚ ਔਖ ਮਹਿਸੂਸ ਕਰਦੇ ਹਨ। ਇਸ ਵਿਚ ਵਿਦਿਆਰਥੀ ਦੀ ਮਦਦ ਲਈ

(1) ਸਿਰਫ਼ ਦੇਸੀ ਬੁਲਾਰਿਆਂ ਤੋਂ ਹੀ ਪੜ੍ਹਵਾਉਣਾ ਚਾਹੀਦਾ ਹੈ

(2) ਪਾਠ ਦੋ ਤੇ ਪਾਠ ਤਿੰਨ ਦੇ ਪੀਰੀਅਡ ਵਧਾ ਦੇਣੇ ਚਾਹੀਦੇ ਹਨ

(3) ਭਾਸ਼ਾ ਦੀ ਹੋਰ ਵਰਤੋਂ ਨਾਲ ਅਭਿਆਸ ਕਰਾਉਣਾ ਚਾਹੀਦਾ ਹੈ

(4) ਉਨ੍ਹਾਂ ਦੇ ਪਾਠ ਇਕ ਦੇ ਨੇੜੇ-ਤੇੜੇ ਦੀ ਕਿਸੇ ਹੋਰ ਭਾਸ਼ਾ ਦੀ ਚੋਣ ਕਰਨੀ ਚਾਹੀਦੀ ਹੈ

100. ਜਦੋਂ ਵਿਦਿਆਰਥੀਆਂ ਨੂੰ ਇਕ ਪੜ੍ਹਨ ਦੇ ਅਭਿਆਸ ਦੌਰਾਨ ਅਨਜਾਣੇ ਸ਼ਬਦਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਮੁੱਚੇ ਪਾਠ ਦੇ ਅਰਥ ਦੇ ਅਮਲ ਦੌਰਾਨ ਉਨ੍ਹਾਂ ਨੂੰ ਸਿਖਿਅਤ ਕਰਨ ਲਈ ਕੀ ਕਰਨਾ ਚਾਹੀਦਾ ਹੈ?

(1) ਵਧੇਰੇ ਆਸਾਨ ਪਾਠ ਦੀ ਚੋਣ ਕਰਨੀ

(2) ਤੁਰੰਤ ਅਰਥ ਦਾ ਪਤਾ ਲਾਉਣ ਵਾਸਤੇ ਇਕ ਸ਼ਬਦਕੋਸ਼ ਦਾ ਹਵਾਲਾ ਦੇਣਾ

(3) ਅਧਿਆਪਕ ਜਾਂ ਗੁਆਂਢੀ ਨੂੰ ਪੁਛਣਾ

(4) ਅਰਥਾਂ ਦੇ ਆਰਜ਼ੀ ਖੇਤਰ ਦਾ ਸਹੀ ਅੰਦਾਜ਼ਾ ਲਾਉਣ ਲਈ ਇਸ ਦੇ ਸੰਦਰਭ ਵਿਚ ਸੂਚਨਾ ਦੀ ਵਰਤੋਂ ਕਰਨੀ

101. ਗਦ ਦੀ ਉਚ ਪੱਧਰ ਦੀ ਪੜ੍ਹਾਈ ਕੀ ਦਰਸਾਉਂਦੀ ਹੈ?

(1) ਵਿਦਿਆਰਥੀ ਦੇ ਆਪਣੇ ਸ਼ਬਦਾਂ ਦੀ ਬਾਰ-ਬਾਰ ਵਰਤੋਂ ਕਰਨੀ, ਪਾਠ ਵਿਚੋਂ ਪੂਰੇ ਵਾਕਾਂ ਤੇ ਮੁੱਖ ਸ਼ਬਦਾਂ ਦੀ ਵਰਤੋਂ ਕਰਨੀ

(2) ਪਾਠ ਵਿਚੋਂ ਨੁਕਤੇ ਅਤੇ ਮੁਖ ਸ਼ਬਦ ਲਿਖਣੇ, ਪਾਠ ਦੇ ਅੰਦਰੋਂ ਹੀ ਵੱਖੋ-ਵੱਖਰੇ ਸ਼ਬਦ ਤਲਾਸ਼ ਕਰਨੇ

(3) ਪਾਠ ਵਿਚੋਂ ਵਿਦਿਆਰਥੀ ਦੇ ਆਪਣੇ ਸ਼ਬਦਾਂ ਤੇ ਮੁੱਖ ਸ਼ਬਦਾਂ ਨੂੰ ਬਾਰ-ਬਾਰ ਲਿਖਣਾ

(4) ਵਿਦਿਆਰਥੀ ਦੇ ਆਪਣੇ ਸ਼ਬਦਾਂ ਨੂੰ ਬਾਰ-ਬਾਰ ਲਿਖਣਾ ਪਾਠ ਵਿਚੋਂ ਅਧੂਰੇ ਵਾਕਾਂ ਦੀ ਵਰਤੋਂ ਕਰਨੀ, ਪਾਠ ਵਿਚੋਂ ਵੱਖ-ਵੱਖ ਅਰਥ ਲੱਭਣੇ

102. ਕਿਸ ਲਿਖਤ ਦੇ ਇਕ ਹਿੱਸੇ ਨੂੰ ਆਂਕਣ ਦਾ ਪਹਿਲਾ ਪੱਖ ਹੈ:

(1) ਵਿਆਕਰਣਕ ਬਣਤਰਾਂ

(2) ਸ਼ਬਦਾਂ ਦੀ ਸੀਮਾ ਜੋ ਕਿ ਬਹੁਤ ਹੀ ਸਪਸ਼ਟ ਹੈ

(3) ਇਸ ਵਿਚ ਦਰਸਾਏ ਗਏ ਵਿਸ਼ੇ ਤੇ ਵਿਚਾਰਾਂ ਦੀ ਪ੍ਰਾਸੰਗਿਕਤਾ

(4) ਸ਼ਬਦਾਵਲੀ ਦੀ ਅਮੀਰੀ

103. ਭਾਸ਼ਾ ਦੀ ਪੜ੍ਹਾਈ ਕਰਦਿਆਂ ਉਹ ਕਿਹੜਾ ਨਿਰਦੇਸ਼ ਹੈ, ਜੋ ਅਭਿਆਸ ਨਹੀਂ ਨਿਰਪੱਖ ਅਧਿਐਨ, ਸਾਮੱਗਰੀ ਦਾ ਵਿਆਪਕ ਹਵਾਲਾ ਅਤੇ ਸਫ਼ਲਤਾ ਬਾਰੇ ਤੁਰੰਤ ਰਾਏ ਮੁਹੱਈਆ ਕਰਾਉਂਦਾ ਹੈ

(1) ਡਿਸਟੈਂਸ

(2) ਪ੍ਰੋਗ੍ਰਾਮਡ

(3) ਕੰਪਿਊਟਰ ਏਡਡ

(4) ਸਿੱਧਾ

**104.** ਇਕ ਦੁਭਾਸ਼ੀ ਜਮਾਤ, ਜਿਸ ਵਿਚ ਇਕ ਦੇਸੀ ਭਾਸ਼ਾ ਤੇ ਲਕਸ਼ਿਤ ਭਾਸ਼ਾ ਬੋਲਣ ਵਾਲੇ ਵਿਦਿਆਰਥੀ ਹਨ, ਲਾਭਦਾਇਕ ਹੋਵੇਗੀ ਕਿਉਂਕਿ ਇਹ

(1) ਜਮਾਤ ਵਿਚ ਵਿਦਿਆਰਥੀਆਂ ਵੱਲੋਂ ਘੱਟ ਗੱਲਬਾਤ ਕਰਨ ਕਰਕੇ ਘੱਟ ਮੁਸ਼ਕਲਾਂ ਪੈਦਾ ਕਰਦੀ ਹੈ

(2) ਲਕਸ਼ਿਤ ਭਾਸ਼ਾ ਬੋਲਣ ਵਾਲੇ ਵਿਦਿਆਰਥੀਆਂ ਨੂੰ ਹੋਰ ਭਾਸ਼ਾ ਸਿੱਖਣ ਲਈ ਉਤਸ਼ਾਹਤ ਕਰਦੀ ਹੈ

(3) ਵੱਖਰੇ ਪ੍ਰੋਜੈਕਟ ਵਰਕ ਲਈ ਮੌਕਾ ਪ੍ਰਦਾਨ ਕਰਦੀ ਹੈ

(4) ਹਰ ਭਾਸ਼ਾ ਵਿਚ ਹੋਰ ਅਭਿਆਸ ਕਰਨ ਨੂੰ ਨਿਆਂਸ਼ੀਲ ਬਣਾਉਂਦੀ ਹੈ

**105.** ਹੋ ਸਕਦਾ ਹੈ ਕਿ ਇਕ ਵਿਦਿਆਰਥੀ ਸਿਖਿਅਤ ਗਿਆਨ ਲਾਗੂ ਕਰਨ ਦੇ ਯੋਗ ਨਾ ਹੋ ਸਕੇ, ਮਿਸਾਲ ਵਜੋਂ ਸ਼ਬਦਾਂ ਦੀ ਸਮੱਸਿਆ ਵਿਚ ਵਾਕਾਂ ਨੂੰ ਰਕਮਾਂ ਵਿਚ ਬਦਲਣ ਜਾਂ ਵੱਖਰੇਪਣ ਦਾ ਪਤਾ ਲਾਉਣ 'ਚ ਨਾਕਾਮ ਰਹਿ ਸਕਦਾ ਹੈ। ਇਕ ਸੰਭਾਵਤ ਹੱਲ ਹੈ:

(1) ਉਨ੍ਹਾਂ ਦਾ ਹੌਸਲਾ ਵਧਾਉਣ ਵਾਸਤੇ ਸਿਰਫ਼ ਸੌਖਾ ਕੰਮ ਦੇਣਾ

(2) ਉਚ ਗ੍ਰਹਿਣ ਯੋਗਤਾ ਵਾਲਿਆਂ 'ਚ ਸ਼ਾਮਲ ਕਰਨਾ

(3) ਤਿਆਰ ਕੀਤਾ ਹੋਇਆ ਆਸਾਨ-ਆਸਾਨ-ਜਟਿਲ ਕੰਮ ਧਿਆਨਪੂਰਵਕ ਦੇਣਾ

(4) ਇਕੋ ਜਿਹੇ ਕੰਮ ਨੂੰ ਪੂਰਾ ਕਰਨ ਲਈ ਹੋਰ ਸਮਾਂ ਦੇਣਾ

***ਨਿਰਦੇਸ਼:*** ਹੇਠਾਂ ਦਿੱਤਾ ਪੈਰਾ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**106–114**) ਦੇ ਢੁਕਵੇਂ ਉੱਤਰ ਦਿਓ :

ਸ਼ਖ਼ਸੀਅਤ ਦਾ ਵੱਡਾ ਰਾਜ਼ ਨਿੱਘ ਤੇ ਬੇਗਰਜ਼ੀ ਹੈ। ਬੇਗਰਜ਼ੀ ਤੋਂ ਭਾਵ ਬੇ-ਮਕਸਦੀ ਨਹੀਂ, ਸਗੋਂ ਇਹ ਹੈ ਕਿ ਸਾਡੀ ਪ੍ਰੀਤ, ਮੁਸਕ੍ਰਾਹਟ, ਨਰਮੀ, ਸੇਵਾ ਨਿਜ ਗ਼ਰਜ਼ ਲਈ ਨਾ ਹੋਣ, ਦੂਜੇ ਦੇ ਕੰਮ ਆਉਣ ਵਿੱਚ ਖੁਸ਼ ਹੋ ਸਕਣ ਕਰਕੇ ਹੋਣ। ਗੱਡੀ ਵਿੱਚ ਬੈਠਣ ਲਗਿਆਂ ਚੰਗੀ ਥਾਂ ਦੂਜੇ ਨੂੰ ਦੇਈਏ, ਖਾਣ ਲਗਿਆਂ ਚੰਗੀ ਚੀਜ਼ ਦੂਜੇ ਨੂੰ ਭੇਟ ਕਰੀਏ, ਆਪਣੇ ਆਰਾਮ ਦੀ ਖ਼ਾਤਰ ਦੂਜੇ ਨੂੰ ਬੇਆਰਾਮ ਨਾ ਕਰੀਏ, ਦੂਜੇ ਨੂੰ ਬੋਲਣ ਲੱਗਿਆਂ ਸਮਾਂ ਦੇਈਏ, ਉਹਦੀ ਜਿਥੇ ਸਲਾਹੁਤਾ ਹੋ ਸਕੇ ਕਰੀਏ, ਤੇ ਜਿਥੇ ਮਤਭੇਦ ਹੋਵੇ, ਠਰੰਮੇ ਨਾਲ ਬਿਨਾ ਉਹਨੂੰ ਠਿਠ ਕੀਤੇ ਦੇ ਆਪਣੇ ਖ਼ਿਆਲ ਪ੍ਰਗਟ ਕਰੀਏ। ਏਹਨਾ ਛੋਟੀਆਂ ਗੱਲਾਂ ਵਿੱਚ ਬੇਗਰਜ਼ੀ ਦਾ ਸੁਭਾਅ ਸ਼ਖ਼ਸੀਅਤ ਵਿੱਚ ਉਹ ਜਾਦੂ ਭਰ ਦੇਂਦਾ ਹੈ, ਜਿਹੜਾ ਵੈਰੀਆਂ ਨੂੰ ਸਜਣ ਬਣਾ ਲੈਂਦਾ ਹੈ, ਤੇ ਮਨੁੱਖ ਦੇ ਆਲੇ-ਦੁਆਲੇ ਇਕ ਸਫਲਤਾ ਦਾ ਮੰਡਲ ਦਰਸਾਂਦਾ ਹੈ। ਏਸ ਮਨੁੱਖ ਨੂੰ ਵੇਖ ਕੇ ਨਿਰਾਸੇ ਜੀਆਂ ਵਿੱਚ ਸਫਲਤਾ ਦੀ ਆਸ ਉਠਦੀ ਹੈ। ਇਹੋ-ਜਿਹੇ ਆਦਮੀ ਦੁਨੀਆਂ ਦੇ ਅਸਲੀ ਉਪਕਾਰੀ ਹਨ। ਦਾਨੀ ਦੁਨੀਆਂ ਵਿੱਚ ਉਹ ਸੁਖ ਨਹੀਂ ਦੇ ਸਕਦੇ, ਜਿਹੜਾ ਸਫਲ ਮੰਗਲ ਸੁਹਣੀ ਸ਼ਖ਼ਸੀਅਤ ਵਾਲੇ ਮਨੁੱਖ ਤੁਰਦਿਆਂ ਫਿਰਦਿਆਂ ਚੁਪ ਚੁਪੀਤੇ ਆਪਣੇ ਇਰਦ-ਗਿਰਦ ਖਿਲਾਰਦੇ ਰਹਿੰਦੇ ਹਨ।

**106.** ਸ਼ਖ਼ਸੀਅਤ ਲਈ ਕੀ ਜ਼ਰੂਰੀ ਹੈ?

(1) ਇਨ੍ਹਾਂ 'ਚੋਂ ਕੋਈ ਨਹੀਂ

(2) ਨਿੱਘ ਤੇ ਬੇਗਰਜ਼ੀ

(3) ਸਿਰਫ ਆਪਣਾ ਭਲਾ ਸੋਚਣਾ

(4) ਆਪਣੇ ਉਪਰ ਧਿਆਨ ਦੇਣਾ

**107.** ਕਿਹੜਾ ਵਿਅਕਤੀ ਚੰਗੇਰਾ ਮਹੌਲ ਸਿਰਜਦਾ ਹੈ?

(1) ਉਪਰੋਕਤ ਸਾਰੇ

(2) ਖ਼ੁਦਗਰਜ਼

(3) ਦੁਸ਼ਮਣ

(4) ਪਰਉਪਕਾਰੀ

**108.** ਉਪਰੋਕਤ ਪੈਰੇ ਵਿਚ ਵਰਤੇ ਗਏ ਸ਼ਬਦ 'ਮਤਭੇਦ' ਦਾ ਕੀ ਅਰਥ ਹੈ?

(1) ਵਿਚਾਰਾਂ ਦੀ ਵੱਖਰਤਾ

(2) ਰਲਵੇਂ-ਮਿਲਵੇਂ ਵਿਚਾਰ

(3) ਵਿਚਾਰਾਂ ਦੀ ਸਾਂਝ

(4) ਉਪਰੋਕਤ ਦੋਵੇਂ

**109.** 'ਦਾਨੀ' ਅਤੇ 'ਸੁਹਣੀ ਸ਼ਖ਼ਸੀਅਤ ਵਾਲੇ ਮਨੁੱਖ' ਵਿਚੋਂ ਕਿਹੜਾ ਵੱਧ ਪ੍ਰਭਾਵਸ਼ਾਲੀ ਹੈ?

(1) ਇਨ੍ਹਾਂ 'ਚੋਂ ਕੋਈ ਨਹੀਂ

(2) ਦਾਨੀ

(3) ਦੋਵੇਂ

(4) ਸੁਹਣੀ ਸ਼ਖ਼ਸੀਅਤ ਵਾਲਾ ਮਨੁੱਖ

**110.** ਉਪਰੋਕਤ ਪੈਰੇ ਵਿਚੋਂ ਸਮਾਸੀ ਸ਼ਬਦ ਦੀ ਚੋਣ ਕਰੋ?

(1) ਨਿੱਜ ਗਰਜ਼

(2) ਮਤਭੇਦ

(3) ਇਰਦ-ਗਿਰਦ

(4) ਸਫਲ ਮੰਗਲ

**111.** ਇਸ ਪੈਰੇ ਦਾ ਢੁਕਵਾਂ ਸਿਰਲੇਖ ਚੁਣੋ।

(1) ਨਿਰਾਸ਼ਾ

(2) ਸ਼ਖ਼ਸੀਅਤ

(3) ਦਾਨੀ

(4) ਅਹਿਸਾਨ ਫਰਾਮੋਸ਼

**112.** ਆਪਣੇ ਸੁਖ ਲਈ ਦੂਜੇ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ - ਪੈਰੇ ਦੇ ਆਧਾਰ 'ਤੇ ਉੱਤਰ ਦਿਓ।

(1) ਇਨ੍ਹਾਂ 'ਚੋਂ ਕੋਈ ਨਹੀਂ

(2) ਠੀਕ

(3) ਪਤਾ ਨਹੀਂ

(4) ਗ਼ਲਤ

**113.** ਠੱਰਮਾ, ਬੇਗਰਜ਼ੀ ਆਦਿ ਦਾ ਸ਼ਖ਼ਸੀਅਤ ਉਪਰ ਕੀ ਅਸਰ ਪੈਂਦਾ ਹੈ?

(1) ਇਨ੍ਹਾਂ 'ਚੋਂ ਕੋਈ ਨਹੀਂ

(2) ਇਸ ਵਿਚ ਜਾਦੂ ਭਰ ਜਾਂਦਾ ਹੈ

(3) ਲੋਕ ਇਸ ਦੇ ਦੁਸ਼ਮਣ ਬਣ ਜਾਂਦੇ ਹਨ

(4) ਉਪਰੋਕਤ ਦੋਵੇਂ

**114.** ਪੈਰੇ ਅਨੁਸਾਰ ਕਿਸੇ ਨਾਲ ਗੱਲਬਾਤ ਕਰਦਿਆਂ ਕੀ ਕਰਨਾ ਚਾਹੀਦਾ ਹੈ?

(1) ਉਸ ਨੂੰ ਠਿੱਠ ਕਰਨਾ ਚਾਹੀਦਾ ਹੈ

(2) ਉਸ ਉਪਰ ਭਾਰੀ ਪੈਣਾ ਚਾਹੀਦਾ ਹੈ

(3) ਉਸ ਦੀ ਗੱਲ ਕੱਟਣੀ ਚਾਹੀਦੀ ਹੈ

(4) ਸਬਰ ਸੰਤੋਸ਼ ਤੋਂ ਕੰਮ ਲੈਣਾ ਚਾਹੀਦਾ ਹੈ

*ਨਿਰਦੇਸ਼:* ਹੇਠਾਂ ਦਿੱਤੀ ਕਵਿਤਾ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**115-120**) ਦੇ ਉੱਤਰ ਦਿਓ:

ਸੁਖ-ਨੀਂਦੇ ਜੇ ਸੁੱਤਾ ਚਾਹੇਂ,
ਵੱਸ ਨ ਪਈਂ ਅਮੀਰਾਂ ਦੇ।
ਬੰਦੀ ਜਨ ਦੇ ਹਲੂਏ ਨਾਲੋਂ,
ਟੁਕੜੇ ਭਲੇ ਫ਼ਕੀਰਾਂ ਦੇ।
ਵਿਚ ਗੁਲਾਮੀ ਹੋਇ ਖ਼ੁਨਾਮੀ,
ਸੁੱਕਣ ਲਹੂ ਸਰੀਰਾਂ ਦੇ।
ਸੀਨੇ ਹੱਥ, ਧੌਣ ਨਿਹੁੜਾਈ,
ਖੜੇ ਵਾਂਗ ਤਸਵੀਰਾਂ ਦੇ।
ਕਰ ਗੁਜ਼ਰਾਨ ਸੁਤੰਤਰਤਾ ਵਿਚ,
ਪਹਿਨ ਗੋਦੜੇ ਲੀਰਾਂ ਦੇ।

**115.** ਉਪਰੋਕਤ ਕਵਿਤਾ ਵਿੱਚ ਕਵੀ ਕਿਹੜੀ ਝਾਕੀ ਪੇਸ਼ ਕਰਦਾ ਹੈ?

(1) ਇਨ੍ਹਾਂ 'ਚੋਂ ਕੋਈ ਨਹੀਂ

(2) ਆਜ਼ਾਦੀ ਦੀ

(3) ਰਹਿਮ ਦੀ

(4) ਦਾਸਤਾਂ ਦੀ

**116.** ਕਵਿਤਾ ਅਨੁਸਾਰ ਬੰਦੇ ਨੂੰ ਸੁਖ ਨਾਲ ਜਿਉਣ ਲਈ ਕੀ ਨਹੀਂ ਬਣਨਾ ਚਾਹੀਦਾ?

(1) ਮਾਲਕ

(2) ਗਰੀਬ

(3) ਫਕੀਰ

(4) ਗੁਲਾਮ

**117.** ਉਪਰੋਕਤ ਕਾਵਿ-ਟੁਕੜੀ ਵਿਚ 'ਖੜੇ ਵਾਂਗ ਤਸਵੀਰਾਂ ਦੇ' ਸਤਰ ਤੋਂ ਕੀ ਭਾਵ ਹੈ?

(1) ਸ਼ਹੀਦ ਦੀ ਤਸਵੀਰ

(2) ਹਥ ਵਿਚ ਤਸਵੀਰ ਰੱਖਣੀ

(3) ਮਾਨ-ਸਨਮਾਨ ਮਿਲਣਾ

(4) ਬੁਤ ਬਣਕੇ ਖੜੇ ਹੋਣਾ

**118.** ਇਨ੍ਹਾਂ ਕਾਵਿ-ਪੰਕਤੀਆਂ ਵਿੱਚ ਕਿਸ ਨੂੰ ਤਰਜੀਹ ਦਿੱਤੀ ਗਈ ਹੈ

(1) ਦਾਸਤਾਂ

(2) ਗਰੀਬੀ ਤੇ ਆਜ਼ਾਦੀ

(3) ਗੁਲਾਮੀ

(4) ਤਸਵੀਰ

**119.** ਕਵੀ ਕਿਹੜੇ ਭੋਜਨ ਨੂੰ ਠੁਕਰਾਉਣ ਦੀ ਗੱਲ ਕਹਿੰਦਾ ਹੈ?

(1) ਸੁਆਦਲੇ ਤੇ ਕੀਮਤੀ ਭੋਜਨ

(2) ਟੁਕੜੇ

(3) ਸੁੱਕੀ ਰੋਟੀ

(4) ਉਪਰੋਕਤ ਦੋਵੇਂ

**120.** ਇਸ ਕਾਵਿ-ਟੁਕੜੀ ਵਿਚੋਂ ਗੁਲਾਮ ਦੀ ਕਿਹੋ ਜਿਹੀ ਹਾਲਤ ਦਾ ਪਤਾ ਲਗਦਾ ਹੈ?

(1) ਅਮੀਰੀ ਠਾਠ ਬਾਠ ਵਾਲੀ

(2) ਤਰਸਯੋਗ

(3) ਐਸ਼ੋ ਆਰਾਮ ਵਾਲੀ

(4) ਫਕੀਰ ਨਾਲੋਂ ਚੰਗੀ

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ ਭਾਸ਼ਾ—II ਦਾ ਵਿਕਲਪ ਪੰਜਾਬੀ ਚੁਣਿਆਂ ਹੈ।

## ਭਾਗ—V : ਭਾਸ਼ਾ—II

## ਪੰਜਾਬੀ

*ਨਿਰਦੇਸ਼* : ਹੇਠ ਲਿਖੇ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਦਿਓ (**121–135**) :

**121.** ਸਿਖਿਆਰਥੀ ਆਪਣੇ ਗਿਆਨ ਦੇ ਸਿਰਜਨਹਾਰ ਵਾਂਗ ਦਿਸਦੇ ਹਨ। ਇਹ ਇਕ ਭਾਸ਼ਾ ਦੀ ਜਮਾਤ ਵਿਚ ...... ਹਾਸਲ ਕੀਤਾ ਜਾ ਸਕਦਾ ਹੈ

(1) ਅਧਿਆਪਕ ਵਲੋਂ ਵਿਅਕਤੀਗਤ ਪ੍ਰੋਜੈਕਟ ਵਰਕ ਦੀ ਨੇੜਿਓਂ ਨਿਗਰਾਨੀ ਕਰਕੇ ਅਤੇ ਸੁਧਾਰ ਲਈ ਬਾਰ-ਬਾਰ ਰਾਏ ਦੇ ਕੇ

(2) ਵਿਦਿਆਰਥੀਆਂ ਨੂੰ ਲਕਸ਼ਿਤ ਭਾਸ਼ਾ ਵਿਚ ਵਧੇਰੇ ਪੜ੍ਹਨ ਲਈ ਉਤਸ਼ਾਹਤ ਕਰਕੇ

(3) ਵਿਦਿਆਰਥੀਆਂ ਦੀ ਸਿਖਲਾਈ ਯੋਗਤਾ ਲਈ ਪੜ੍ਹਨ ਸਾਮੱਗਰੀ ਪ੍ਰਦਾਨ ਕਰਕੇ

(4) ਵਿਅਕਤੀਗਤ ਤੇ ਜੋੜੇ ਅਭਿਆਸ ਦੀ ਸੁਹੂਲੀਅਤ ਦੇ ਕੇ ਜਿਨਾਂ ਨਾਲ ਸਿੱਖਿਆ ਦੇ ਅਮਲ 'ਚ ਸਹਿਯੋਗ ਤੇ ਗੱਲੇਬਾਤ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ

**122.** ਅਧਿਆਪਕ ਇਕ ਅਜਿਹਾ ਮਹੌਲ ਪੈਦਾ ਕਰ ਸਕਦਾ ਹੈ ਜਿਥੇ ਵਿਦਿਆਰਥੀ ਲਕਸਿਤ ਭਾਸ਼ਾ ਕਿਨ੍ਹੀ ਬੋਲਣ ਵਿਚ ਸੌਖ ਮਹਿਸੂਸ ਕਰਦੇ ਹਨ ਤੇ ਉਹ

(1) ਦ੍ਰਿਸ਼ਾਂ ਰਹੀਂ ਸਿਖਾਉਂਦਾ ਹੈ

(2) ਵਿਦਿਆਰਥੀਆਂ ਨੂੰ ਆਪਣੀ ਸੌਖ ਮੁਤਾਬਕ ਕੋਈ ਵੀ ਭਾਸ਼ਾ ਬੋਲਣ ਦੀ ਆਗਿਆ ਦਿੰਦਾ ਹੈ

(3) ਇਨ੍ਹਾਂ ਵਾਕਾਂ ਨੂੰ ਜਮਾਤ ਦੀ ਆਮ ਗੋਲਬਾਤ ਦੌਰਾਨ ਵਰਤਣ ਲਈ ਮਜਬੂਰ ਕਰਕੇ ਅੱਗੋਂ ਵਰਤਣ ਲਈ ਆਖਦਾ ਹੈ

(4) ਬਾਰ-ਬਾਰ ਲਿਖਣ ਅਤੇ ਬੋਲਣ ਦਾ ਆਂਕਲਣ ਕਰਦਾ ਹੈ

**123.** ਜਦੋਂ ਅਸੀਂ ਕੁਦਰਤੀ ਇਕ ਭਾਸ਼ਾ ਨੂੰ ਸਿਖਦੇ ਹਾਂ। ਇਹ ਅਸੀਂ ਕਰਦੇ ਹਾਂ,

(1) ਅਸਰਦਾਰ ਸੰਚਾਰ ਉਪਰ ਧਿਆਨ ਕੇਂਦ੍ਰਿਤ ਕਰਕੇ

(2) ਇਸ ਨੂੰ ਕਿਵੇਂ (ਰੂਪ) ਕਹਿਣਾ ਹੈ ਦੀ ਥਾਂ ਕੀ (ਅਰਥ) ਕਹਿਣਾ ਹੈ ਉਪਰ ਧਿਆਨ ਕੇਂਦ੍ਰਿਤ ਕਰਕੇ

(3) ਆਪਣੇ ਮਾਪਿਆਂ ਨੂੰ ਸੁਣ ਕੇ

(4) ਆਪਣੇ ਆਪ ਪੜ੍ਹਕੇ ਅਤੇ ਸਿਖੀ ਹੋਈ ਸ਼ਬਦਾਵਲੀ ਵਰਤ ਕੇ

**124.** ਵਿਦਿਆਰਥੀਆਂ ਨੂੰ ਆਡੀਓ ਪਾਠ ਦੇ ਆਧਾਰ 'ਤੇ ਵਿਸ਼ੇਸ਼ ਨੋਟਸ ਲੈਣ ਲਈ ਆਖਿਆ ਜਾਂਦਾ ਹੈ। ਇਸ ਅਭਿਆਸ ਨੂੰ ........ ਅਭਿਆਸ ਆਖਿਆ ਜਾ ਸਕਦਾ ਹੈ

(1) ਧਿਆਨ ਕਰਨ ਦਾ

(2) ਸੂਚਨਾ ਦਾ ਆਦਾਨ ਪ੍ਰਦਾਨ ਦਾ

(3) ਕਿਆਸ ਲਾਉਣ ਦਾ

(4) ਯਾਦਾਸ਼ਤ ਦਾ

125. ਜਮਾਤ ਵਿਚ .......... ਦੀ ਮੁਹਾਰਤ ਹਾਸੁਲ ਕਰਨ ਵਾਸਤੇ ਇਸ ਕਿਸਮ ਦਾ ਸੁਆਲ ਢੁਕਵਾਂ ਹੈ ਵਿਦਿਆਰਥੀ ਬੋਲਦੇ ਹਨ

– ਤੁਸੀਂ ਪਿਛਲੇ ਹਫ਼ਤੇ ਆਪਣੀ ਪਾਕੇਟ ਮਨੀ ਨਾਲ ਕੀ ਖ੍ਰੀਦਿਆ ਸੀ?

– ਤੁਹਾਡਾ ਕਸਬਾ/ਸ਼ਹਿਰ ਕਿਸ ਕਰਕੇ ਜਾਣਿਆਂ ਜਾਂਦਾ ਹੈ?

– ਤੁਸੀਂ ਅਪਣੇ ਘਰ ਵਿਚ ਮਦਦ ਲਈ ਕੀ ਕਰਦੇ ਹੋ?

– ਅਪਣੀਆਂ ਆਦਤਾਂ ਬਾਰੇ ਮੈਨੂੰ ਕੁਝ ਵੇਰਵਾ ਦਿਓ।

(1) ਸ਼ਬਦਾਵਲੀ

(2) ਬੋਲਣ

(3) ਲਿਖਣ

(4) ਸੁਣਨ

126. ਜਦੋਂ ਵਿਦਿਆਰਥੀ ਵਿਆਕਰਨ ਤੇ ਭਾਸ਼ਾਦੀ ਪੈਟਰਨਾ ਦੀ ਪੜ੍ਹਾਈ ਨਾਲ ਜੁੜ ਜਾਂਦੇ ਹਨ ਤਾਂ ਉਹ ਪਛਾਣ ਸਕਦੇ ਹਨ ਕਿ

(1) ਵਿਆਕਰਣ ਦੀ ਸਿਖਲਾਈ ਨੂੰ ਸਭ ਤੋਂ ਵੱਧ ਮਹੱਤਵ ਦੇਣਾ ਚਾਹੀਦਾ ਹੈ

(2) ਵਿਆਕਰਣ ਮੁਢਲੀਆਂ ਸੰਚਾਰ ਮੁਹਾਰਤਾਂ ਲਈ ਜ਼ਰੂਰੀ ਹੈ

(3) ਲਿਖਣ ਸ਼ੈਲੀ ਵਿਆਕਰਣ ਨਾਲ ਪ੍ਰਭਾਵਿਤ ਹੁੰਦੀ ਹੈ

(4) ਸੰਚਾਰ ਅਤੇ ਕਲਾਤਮਕ ਵਿਰਾਮ ਦਾ ਮਕਸਦ ਇਸ ਦੀਆਂ ਸੰਚਾਰ ਮਹਾਰਤਾਂ ਹਨ

127. ਲਿਖਣਾ ਕਈ ਵਿਦਿਆਰਥੀਆਂ ਲਈ ਇਕ ਜਟਿਲ ਤੇ ਚੁਣੌਤੀ ਭਰਪੂਰ ਅਭਿਆਸ ਹੈ। ਇਸ ਲਈ ਅਧਿਆਪਕਾਂ ਨੂੰ ਸਭ ਤੋਂ ਪਹਿਲਾਂ...... ਉਪਰ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ।

(1) ਵ੍ਰਿਆਕਰਣਕ ਸੰਕਲਪਾਂ ਜੋ ਅਰਥ ਦੇ ਸਪਸ਼ਟ ਸੰਚਾਰ ਵਾਸਤੇ ਜ਼ਰੂਰੀ ਹੈ

(2) ਵਿਆਕਰਣਕ ਲਈ ਅਭਿਆਸ

(3) ਵਿਆਕਰਣਕ, ਸੁਧਾਈ ਨਾਲੋਂ ਲਕਸ਼ਿਤ ਭਾਸ਼ਾ ਵਿਚ ਵਿਦਿਆਰਥੀਆਂ ਦਾ ਸਵੈ-ਵਿਸ਼ਵਾਸ ਪੈਦਾ ਕਰਨਾ

(4) ਸਿਰਫ ਸਰਲ ਕੰਮ ਦੇ ਕੇ ਅਤੇ ਵਿਆਕਰਣ ਦਾ ਘੱਟ ਅਭਿਆਸ ਕਰਵਾ ਕੇ

128. ਵਿਆਕਰਣਕ ਨਿਰਦੇਸ਼ ਪਛਾਣ ਕਰਨ ਲਈ ਬਹੁਤ ਜ਼ਰੂਰੀ ਹਨ ਜਦੋਂ

(1) ਅਧਿਆਪਕ ਬਾਰ-ਬਾਰ ਤੇ ਵਿਆਕਰਣ ਦੀਆਂ ਛੋਟੀਆਂ ਜਮਾਤਾਂ ਲੈਂਦੇ ਹਨ

(2) ਵਿਦਿਆਰਥੀ ਆਪਣੀਆਂ ਲਿਖਤ ਜਾਂ ਬੋਲਣ ਵਿਚ ਹੁੰਦੀਆਂ ਗ਼ਲਤੀਆਂ ਦੀ ਸੁਧਾਰੀ ਜਾਂ ਉਨ੍ਹਾਂ ਦਾ ਸੰਪਾਦਨ ਕਰ ਸਕਦੇ ਹਨ

(3) ਅਧਿਆਪਕ ਸਿਰਫ਼ ਹਾਸ਼ੀਆਗਤ ਮੁਹਾਰਤਾਂ ਪੜ੍ਹਾਉਂਦੇ ਹਨ

(4) ਰਸਮੀ ਲਿਖਤ ਜਾਂ ਬੋਲਣ ਤੋਂ ਪਹਿਲਾਂ ਵਿਆਕਰਣਕ ਅਭਿਆਸ ਨੂੰ ਵਧੇਰੇ ਸਮਾਂ ਦਿੱਤਾ ਜਾਵੇਗਾ

**129.** ਸਿਖਲਾਈ ਦੀਆਂ ਸ਼ੈਲੀਆਂ ਉਪਰ ਵਿਚਾਰ, ਭਾਸ਼ਾ ਨਾਲ ਸੰਬੰਧਤ ਸਮੱਸਿਆਵਾਂ ਦੇ ਆਮ ਪ੍ਰਬੰਧ ਵਿਚ ਮਦਦ ਦੀ ਪਹੁੰਚ ਨੂੰ ਵਿਆਪਕ ਬਣਾਉਂਦਾ ਹੈ। ਸਿੱਖਿਆ ਦੀ ਇਸ ਸ਼ੈਲੀ ਦੀ ਮਿਸਾਲ ਹੈ:

(1) ਕੇਂਦ੍ਰਿਤ

(2) ਉੱਚੀ

(3) ਸ਼ਾਂਤ

(4) ਛਪਾਈ ਅਧਾਰਿਤ

**130.** ਪਾਠ 'ਪੌਦਿਆਂ' ਦੇ ਵਿਸ਼ੇ ਤੋਂ ਸ਼ੁਰੂ ਹੁੰਦਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਦਾ ਤਜ਼ਰਬਾ ਕਰਦਾ ਹੈ। ਇਸ ਉਪਰੰਤ ਅਧਿਆਪਕ ਵਿਦਿਆਰਥੀਆਂ ਨੂੰ ਸਮੂਹਾਂ ਵਿਚ ਵੰਡ ਕੇ ਉਨ੍ਹਾਂ ਨੂੰ ਹਰੀਮਿਰਚ ਦਾ ਪੌਦਾ ਵਾਹੁਣ ਲਈ ਆਖਦਾ ਹੈ। ਫਿਰ ਹਰ ਸਮੂਹ ਦਾ ਇਕ ਪ੍ਰਤੀਨਿਧ ਕੰਮ ਪੇਸ਼ ਕਰਕੇ ਉਨ੍ਹਾਂ ਦੀਆਂ ਅਕ੍ਰਤੀਆਂ ਨੂੰ ਬਿਆਨ ਕਰਦਾ ਹੈ। ਵਿਦਿਆਰਥੀ

(1) ਪੌਦੇ ਬਾਰੇ, ਇਸ ਦੀ ਆਕ੍ਰਿਤੀ ਬਾਰੇ ਗਿਆਨ ਹਾਸਲ ਕਰਦੇ ਹਨ

(2) ਅਮਲ/ਆਬਜੈਕਟ ਨੂੰ ਬਿਆਨ ਕਰਨ ਲਈ ਭਾਸ਼ਾ ਦੇ ਨਿਸ਼ਚਤ ਰੂਪ ਦੀ ਵਰਤੋਂ ਕਰਦੇ ਹਨ

(3) ਸਿਰਫ਼ (1)

(4) (1) ਅਤੇ (2)

**131.** ਕਵਿਤਾ ਪਾਠ ਦਾ ਕਾਰਜ, ਸਮਝਣ ਲਈ ਤੱਥਾਤਮਕ ਪਾਠ ਦੀ ਪੜ੍ਹਾਈ ਤੋਂ ਵੱਖਰਾ ਹੈ ਕਿਉਂਕਿ ਵਿਦਿਆਰਥੀ ਹੇਠ ਲਿਖੇ ਨੂੰ ਪ੍ਰਗਟਾਉਣ ਦੀ ਉਮੀਦ ਰਖਦਾ ਹੈ:

(1) ਕਵੀ ਦੇ ਸੰਦੇਸ਼ ਵਧੇਰੇ ਸ਼ਲਾਘਾਯੋਗ ਤੇ ਆਂਕਲਣ ਸ਼ੈਲੀ

(2) ਵਧੇਰੇ ਬੌਧਿਕ ਪ੍ਰਗਟਾਵਾ

(3) ਸੰਦੇਸ਼ ਦੇ ਵੇਰਵੇ ਸਹਿਤ ਪ੍ਰਗਟਾਵੇ ਨਾਲ ਸਿਰਫ਼ ਜਜ਼ਬਾਤੀ ਹੁੰਗਾਰਾ

(4) ਸੰਦੇਸ਼ ਦਾ ਮੁਲਾਂਕਣ ਕਰਨ ਵਾਸਤੇ ਭਾਵੁਕ ਹੁੰਗਾਰਾ ਤੇ ਵਧੇਰੇ ਬੌਧਿਕ ਪ੍ਰਗਟਾਵਾ

**132.** ਇਕ ਆਰਟੀਕਲ ਦਾ ਮੁਲਾਂਕਣ ਕਰਨ ਸਮੇਂ ਉਹ ਹਿੱਸਾ ਜਿਥੇ ਵਧੇਰੇ ਮਹੱਤਵਪੂਰਨ ਸੂਚਨਾ ਦੇਣ ਦੀ ਲੋੜ ਹੁੰਦੀ ਹੈ ਤੇ ਦੁਹਰਾਉ ਵੀ ਨਹੀਂ ਆਉਂਦਾ ......... ਵਿਚ ਮਿਲਦੀ ਹੈ।

(1) ਸ਼ੁਰੂਆਤ

(2) ਸਾਰਾਂਸ਼

(3) ਦੂਜਾ ਪੈਰਾ

(4) ਮੱਧ

**133.** ਤਕਨਾਲੋਜੀ ਉਚਾਰਨ ਦੇ ਖੇਤਰ ਵਿਚ ਜਮਾਤ 'ਚ ਲਕਸ਼ਿਤ ਭਾਸ਼ਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ। ਇਹ ਕੋਈ ਚੰਗੀ ਮਿਸਾਲ ਨਹੀਂ ਹੈ?

(1) ਪੌਡਕਾਸਟ ਦੀ ਰਿਕਾਰਡਿੰਗ ਤੇ ਸੁਣਨ ਸਮੇਂ

(2) ਪਾਵਰ ਪੁਆਇੰਟ ਪ੍ਰੇਸ਼ਕਾਰੀ ਦੌਰਾਨ ਬਿਆਨ ਕਰਦਿਆਂ

(3) ਸਫੈਦ ਬੋਰਡ ਦੀ ਵਰਤੋਂ ਕਰਦਿਆਂ

(4) ਭੂਮਿਕਾ ਦੀ ਅਦਾਕਾਰੀ ਕਰਦੀਆਂ

134. ਇਕ ਵਿਦੇਸ਼ੀ ਭਾਸ਼ਾ ਦੀ ਜਮਾਤ ਜਿਸ ਵਿਚ ਬਹੁਤੇ ਵਿਦਿਆਰਥੀ ਸਿਰਫ ਆਪਣੀ ਮਾਂ-ਬੋਲੀ ਹੀ ਬੋਲ ਸਕਦੇ ਹਨ, ਸਾਰੇ ਅਧਿਆਪਕਾਂ ਨੂੰ ਧਿਆਨ ਰੱਖਣਾ ਹੋਵੇਗਾ ਕਿ ਵਿਦਿਆਰਥੀ

(1) ਨੂੰ ਆਪਣੀ ਨਵੀਂ ਭਾਸ਼ਾਈ ਮੁਹਾਰਤ ਵਿਚ ਸੁਧਾਰ ਕਰਨ ਖਾਤਰ ਆਪਣੀ ਮਾਂ-ਬੋਲੀ ਦਾ ਗੁਣਗਾਣ ਕਰਨ ਤੋਂ ਬਚਣਾ ਚਾਹੀਦਾ ਹੈ।

(2) ਲਕਸ਼ਿਤ ਭਾਸ਼ਾ ਦੀ ਸਿਖਲਾਈ ਨਹੀਂ ਕਰ ਸਕਣਗੇ

(3) ਆਪਣੀ ਗੱਲਬਾਤ ਰਾਹੀਂ ਪਾਠਕ੍ਰਮ ਦੇ ਨਾਲ-ਨਾਲ ਇਕ ਨਵੀਂ ਭਾਸ਼ਾ ਵੀ ਸਿੱਖ ਰਹੇ ਹਨ

(4) ਨੂੰ ਵਿਦੇਸ਼ੀ ਭਾਸ਼ਾ ਸਿੱਖਣ ਦੀ ਲੋੜ ਹੈ

135. ਲਿਖਾਈ ਦੌਰਾਨ ਇਕ ਵਿਦਿਆਰਥੀ ਸ਼ਬਦਾਵਲੀ ਦੀ ਘਾਟ ਕਰਕੇ ਆਪਣੇ ਵਿਚਾਰਾਂ ਦੇ ਸਪੱਸ਼ਟੀਕਰਨ ਵਿਚ ਔਖ ਮਹਿਸੂਸ ਕਰਦਾ ਹੈ। ਇਕ ਸੰਭਾਵਤ ਹੱਲ ਹੋਵੇਗਾ:

(1) ਕ੍ਰਮਵਾਰ ਸ਼ਬਦ ਡਿਕਟੇਸ਼ਨ ਤੇ ਡਰਿੱਲਾਂ ਨਾਲ ਲਿਖਤੀ ਅਭਿਆਸ ਲਈ ਵਿਸ਼ੇਸ਼ ਜਮਾਤਾਂ ਲਾਉਣੀਆਂ

(2) ਵਿਦਿਆਰਥੀ ਨੂੰ ਕਹਾਣੀ ਦੀਆਂ ਹੋਰ ਕਿਤਾਬਾਂ ਪੜ੍ਹਨ ਲਈ ਉਤਸ਼ਾਹਤ ਕਰਕੇ ਅਧਿਆਪਕ ਨਵੇਂ ਸ਼ਬਦਾਂ ਬਾਰੇ ਗ਼ੈਰ-ਰਸਮੀ ਰਾਏ ਹਾਸਲ ਕਰੇਗਾ

(3) ਵਿਦਿਆਰਥੀ ਦੀ ਯੋਗਤਾ ਮੁਤਾਬਕ ਵਿਸ਼ਾ ਬਦਲਣਾ

(4) ਸਿੱਖਣ ਅਤੇ ਵਰਤੋ ਲਈ ਅਰਥਾਂ ਸਮੇਤ ਸ਼ਬਦਾਂ ਦੀ ਇਕ ਸੂਚੀ ਦੇਣੀ

***ਨਿਰਦੇਸ਼:*** ਹੇਠਾਂ ਦਿੱਤੇ ਪੈਰੇ ਨੂੰ ਪੜ੍ਹਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (**136–144**) ਦੇ ਢੁਕਵੇਂ ਉੱਤਰ ਦਿਓ :

ਪਸ਼ੂ ਕਹਾਣੀਆਂ ਲੋਕ ਕਹਾਣੀਆਂ ਦਾ ਸਭ ਤੋਂ ਪ੍ਰਾਚੀਨ ਰੂਪ ਹਨ। ਇਹ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਮੁਖ ਪਾਤਰ ਕੋਈ ਪਸ਼ੂ ਹੁੰਦਾ ਹੈ। ਜੋ ਮਨੁੱਖਾਂ ਵਾਂਗ ਸੋਚਦਾ ਅਤੇ ਗੱਲਾਂ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਮੁਖ ਉਦੇਸ਼ ਮਨੋਰੰਜਨ ਅਤੇ ਉਪਦੇਸ਼ ਦੇਣਾ ਹੁੰਦਾ ਹੈ। ਪਸ਼ੂ ਕਹਾਣੀਆਂ ਚਾਰ ਕਿਸਮ ਦੀਆਂ ਮਿਲਦੀਆਂ ਹਨ। ਪਹਿਲੀ ਕਿਸਮ ਦੀਆਂ ਉਹ ਕਹਾਣੀਆਂ ਹਨ ਜਿਨ੍ਹਾਂ ਦਾ ਮਨੋਰਥ ਉਪਦੇਸ਼ ਦੇਣਾ ਹੁੰਦਾ ਹੈ। ਇਨ੍ਹਾਂ ਕਹਾਣੀਆਂ ਨੂੰ ਨੀਤਿ ਕਥਾਵਾਂ ਆਖਿਆ ਜਾਂਦਾ ਹੈ। ਦੂਜੀ ਵੰਨਗੀ ਮੁਢੀਆਂ ਦੀ ਹੈ। ਇਨ੍ਹਾਂ ਕਹਾਣੀਆਂ ਵਿਚ ਕਾਰਨ ਲੱਭਿਆ ਹੁੰਦਾ ਹੈ। ਜਿਵੇਂ ਮੋਰ ਪੈਰ ਵੇਖਕੇ ਕਿਉਂ ਝੂਰਦਾ ਹੈ, ਕੋਇਲ ਕਿਉਂ ਕਾਲੀ ਹੈ, ਚਿੜੇ ਦੀਆਂ ਅੱਖਾਂ ਸੁਰਮੇ ਰੰਗੀਆਂ ਕਿਉਂ ਹਨ। ਇਹ ਕਹਾਣੀਆਂ ਪਸ਼ੂਆਂ ਦੇ ਰੂਪ, ਸੁਭਾਅ ਅਤੇ ਕੰਮ ਦਾ ਕਾਰਨ ਕਿਸੇ ਬ੍ਰਿਤਾਂਤਕ ਘਟਨਾਵਾਂ ਦੁਆਰਾ ਮਿਥਦੀਆਂ ਹਨ। ਤੀਜੀ ਕਿਸਮ ਦੀਆਂ ਉਪ ਕਹਾਣੀਆਂ ਹਨ ਜਿਨ੍ਹਾਂ ਵਿਚ ਕੋਈ ਪਸ਼ੂ ਪੰਛੀ ਨਾਇਕ ਹੁੰਦਾ ਹੈ। ਸਾਰੀ ਕਹਾਣੀ ਵਿਚ ਉਸ ਦੇ ਕਾਰਨਾਮਿਆਂ ਦਾ ਵਰਣਨ ਹੁੰਦਾ ਹੈ। ਜਿਵੇਂ ਕੁੱਤਾ ਰਾਜਾ, ਮਗਰਮੱਛ ਰਾਜਾ, ਬਾਂਦਰ, ਪਰੀ, ਬਿੱਲੀ, ਚੌਕਾ ਪਈ ਦੇਵੇ ਆਦਿ ਕਹਾਣੀਆਂ। ਚੌਥੀ ਕਿਸਮ ਵਿਚ ਪਸ਼ੂ ਗੌਣ ਪਾਤਰ ਦੇ ਰੂਪ ਵਿਚ ਵਿਚਰਦਾ ਹੈ ਅਤੇ ਨਾਇਕ, ਨਾਇਕਾ ਦੇ ਦੁੱਖ ਤਕਲੀਫ਼ ਨੂੰ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ, ਜਿਵੇਂ 'ਸੋਨੇ ਦੇ ਵਾਲਾਂ ਵਾਲੀ-ਸੁੰਦਰੀ', ਦੀ ਕਥਾ ਵਿਚ ਜਿਸ ਵਿਚ ਚੂਹਾ ਅਤੇ ਬਿੱਲੀ ਨਾਇਕ ਦੀ ਗੁੰਮ ਹੋਈ ਸੁੰਦਰੀ ਨੂੰ ਲੱਭਦਾ ਹੈ। ਮੁੱਖ ਤੌਰ ਤੇ ਪਸ਼ੂ ਕਹਾਣੀਆਂ ਵਿਚ ਉਹ ਨਾਇਕ ਦੇ ਰੂਪ ਵਿਚ ਹੀ ਵਿਚਰਦੇ ਹਨ।

136. ਪਸ਼ੂ ਕਹਾਣੀ ਕਿਹੜੇ ਪਾਤਰ ਦੇ ਆਲੇ-ਦੁਆਲੇ ਘੁੰਮਦੀਆਂ ਹਨ?

(1) ਪਸ਼ੂ

(2) ਔਰਤ

(3) ਆਦਮੀ

(4) ਉਪਰੋਕਤ ਦੋਵੇਂ

137. ਉਪਰੋਕਤ ਪੈਰੇ ਅਨੁਸਾਰ 'ਸੋਨੇ ਦੇ ਵਾਲਾਂ ਵਾਲੀ ਸੁੰਦਰੀ' ਕਿਹੜੀ ਕਿਸਮ ਦੀ ਪਸ਼ੂ ਕਹਾਣੀ ਹੈ?

(1) ਦੂਜੀ ਕਿਸਮ

(2) ਪਹਿਲੀ ਕਿਸਮ

(3) ਚੌਥੀ ਕਿਸਮ

(4) ਤੀਜੀ ਕਿਸਮ

138. ਪਸ਼ੂ ਕਹਾਣੀਆਂ ਦੀਆਂ ਕੁੱਲ ਕਿੰਨੀਆਂ ਕਿਸਮਾਂ ਹਨ?

(1) ਦੋ

(2) ਇਕ

(3) ਤਿੰਨ

(4) ਚਾਰ

139. ਪਸ਼ੂ ਕਹਾਣੀਆਂ ਕਿਥੇ-ਕਿਥੇ ਮਿਲਦੀਆਂ ਹਨ?

(1) ਦੁਨੀਆਂ ਭਰ ਵਿਚ

(2) ਭਾਰਤ ਵਿਚ

(3) ਕਿਸੇ ਕਿਸੇ ਦੇਸ਼ ਵਿਚ

(4) ਸਿਰਫ ਜੰਗਲਾਂ ਵਿਚ

140. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਚੁਣੋ

(1) ਪਸ਼ੂਆਂ ਦੀਆਂ ਕਿਸਮਾਂ

(2) ਪਸ਼ੂਆਂ ਦੀਆਂ ਆਦਤਾਂ

(3) ਪਸ਼ੂ ਕਹਾਣੀਆਂ

(4) ਪੰਛੀ ਨਾਇਕ

**141.** ਨੀਤੀ ਕਥਾਵਾਂ ਦਾ ਕੀ ਮਕਸਦ ਹੁੰਦਾ ਹੈ?

(1) ਉਪਦੇਸ਼ ਦੇਣਾ

(2) ਕਾਰਨ ਲੱਭਣਾ

(3) ਨਾਇਕਾ ਦੀਆਂ ਦੁੱਖ ਤਕਲੀਫਾਂ ਦੂਰ ਕਰਨੀਆਂ

(4) ਪਸ਼ੂਆਂ ਦੇ ਕਾਰਨਾਮਿਆਂ ਦਾ ਵਰਨਣ

**142.** ਖਾਲੀ ਥਾਂ ਭਰੋ –
ਪਸ਼ੂ ਕਹਾਣੀਆਂ ਵਿਚ ਪਸ਼ੂਆਂ ਦਾ ......... ਹੁੰਦਾ ਹੈ।

(1) ਮਾਨਵੀਕਰਨ

(2) ਤਮਾਸ਼ਾ

(3) ਕਤਲੇਆਮ

(4) ਉਪਰੋਕਤ ਦੋਵੇਂ

**143.** ਕਿਹੜੀ ਕਿਸਮ ਦੀ ਪਸ਼ੂ ਕਹਾਣੀ ਵਿਚ ਪਸ਼ੂਆਂ ਨੂੰ ਵਧੇਰੇ ਤਰਜੀਹ ਨਹੀਂ ਦਿੱਤੀ ਜਾਂਦੀ?

(1) ਤੀਜੀ

(2) ਦੂਜੀ

(3) ਚੌਥੀ

(4) ਪਹਿਲੀ

**144.** ਪਸ਼ੂ ਕਹਾਣੀਆਂ ਕਦੋਂ ਹੋਂਦ ਵਿਚ ਆਈਆਂ

(1) ਇਨ੍ਹਾਂ 'ਚੋਂ ਕੋਈ ਨਹੀਂ

(2) ਚਾਰ ਦਹਾਕੇ ਪਹਿਲਾਂ

(3) ਦੇਸ਼ ਵੰਡ ਮਗਰੋਂ

(4) ਪ੍ਰਾਚੀਨ ਸਮੇਂ ਤੋਂ

*ਨਿਰਦੇਸ਼:* ਹੇਠਾਂ ਦਿੱਤਾ ਪੈਰਾ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**145–150**) ਦੇ ਢੁਕਵੇਂ ਉੱਤਰ ਦਿਓ :

ਜਿਸ ਬੋਲੀ ਵਿਚ ਵਿਆਕਰਣ, ਕੋਸ਼ ਤੇ ਸਾਹਿੱਤ ਦਾ ਨਿਰਮਾਣ ਹੋ ਗਿਆ ਹੋਵੇ, ਆਮ ਕਰ ਕੇ ਉਸ ਨੂੰ ਸਾਹਿੱਤਕ ਬੋਲੀ ਕਹਿਣ ਦਾ ਰਿਵਾਜ ਹੈ। ਅਜਿਹੀ ਬੋਲੀ ਸਰਕਾਰੀ ਬੋਲੀ ਬਣਨ ਦੇ ਗੁਣ ਰੱਖਦੀ ਹੈ। ਵਿਸ਼ੇਸ਼ ਨੇਮਾਂ ਤੇ ਪ੍ਰਯੋਗਾਂ ਦੇ ਕਾਰਨ ਅਜਿਹੀ ਸਾਹਿਤਕ ਬੋਲੀ ਇਕ ਤਰ੍ਹਾਂ ਕਿਤਾਬੀ ਬੋਲੀ ਬਣ ਜਾਂਦੀ ਹੈ। ਇਸ ਪੁਰ ਪਿਛਲੀ ਪੀੜ੍ਹੀ ਦੇ ਲੇਖਕਾਂ ਦਾ ਗੂੜ੍ਹਾ ਪ੍ਰਭਾਵ ਹੁੰਦਾ ਹੈ ਅਤੇ ਇਸ ਦੇ ਸ਼ੁੱਧ ਤੇ ਨਿਰੋਲ ਰੂਪ ਦੀ ਰੱਖਿਆ ਕਰਨ ਦਾ ਉਚੇਚ ਪੜ੍ਹੇ-ਲਿਖੇ ਲੋਕਾਂ ਵੱਲੋਂ ਕੀਤਾ ਜਾਂਦਾ ਹੈ। ਇਸ ਦੇ ਮੁਕਾਬਲੇ ਤੇ ਸਧਾਰਣ ਜਨਤਾ ਦੀ ਬੋਲੀ ਹੁੰਦੀ ਹੈ ਜਿਸ ਵਿਚ ਪੇਂਡੂ ਰੰਗਤ ਵਿਦਮਾਨ ਰਹਿੰਦੀ ਹੈ।

ਇਨ੍ਹਾਂ ਦੇ ਰੂਪਾਂ ਦੀ ਬੋਲੀ ਦਾ ਅੰਤਰ ਸਿਖਿਆ ਦੇ ਵਾਧੇ ਅਤੇ ਨਾਗਰਿਕਤਾ ਦੇ ਪ੍ਰਸਾਰ ਕਾਰਨ ਘੱਟ ਹੋ ਜਾਂਦਾ ਹੈ, ਪਰ ਕਦੇ ਵੀ ਪੂਰੀ ਤਰ੍ਹਾਂ ਅਲੋਪ ਨਹੀਂ ਹੁੰਦਾ।

**145.** ਸਾਹਿਤਕ ਬੋਲੀ ਇਸ ਨੂੰ ਕਹਿੰਦੇ ਹਨ?

(1) ਇਨ੍ਹਾਂ 'ਚੋਂ ਕੋਈ ਵੀ ਨਹੀਂ

(2) ਜਿਹੜੀ ਪੀੜ੍ਹੀਆਂ ਤੋਂ ਚਲਦੀ ਆ ਰਹੀ ਹੋਵੇ

(3) ਜਿਸ ਵਿਚ ਵਿਆਕਰਣ, ਕੋਸ਼ ਤੇ ਸਾਹਿਤ ਦਾ ਨਿਰਮਾਣ ਹੋ ਗਿਆ ਹੋ

(4) ਉਪਰੋਕਤ ਦੋਵੇਂ

**146.** ਸਾਧਾਰਨ ਲੋਕਾਂ ਦੀ ਬੋਲੀ ਕਿਹੋ ਜਿਹੀ ਹੁੰਦੀ ਹੈ?

(1) ਉਨ੍ਹਾਂ ਦੀ ਸੰਵਰੀ ਹੋਈ ਬੋਲੀ ਹੁੰਦੀ ਹੈ

(2) ਸਾਧਾਰਨ ਲੋਕਾਂ ਦੀ ਬੋਲੀ ਪੇਂਡੂ ਰੰਗਤ ਵਾਲੀ ਹੁੰਦੀ ਹੈ

(3) ਉਹ ਟਕਸਾਲੀ ਭਾਸ਼ਾ ਬੋਲਦੇ ਹਨ

(4) ਸਾਧਾਰਨ ਲੋਕ ਵਿਆਕਰਣਕ ਨੇਮਾਂ ਵਾਲੀ ਬੋਲੀ ਬੋਲਦੇ ਹਨ

**147.** ਸਾਹਿਤਕ ਬੋਲੀ ਉਪਰ ਕੌਣ ਪਹਿਰਾ ਦਿੰਦਾ ਹੈ?

(1) ਪੇਂਡੂ ਲੋਕ

(2) ਅਨਪੜ੍ਹ ਲੋਕ

(3) ਪੜ੍ਹੇ ਲਿਖੇ ਲੋਕ

(4) ਸਾਧਾਰਨ ਲੋਕ

**148.** ਕਿਹੜੀ ਬੋਲੀ ਸਰਕਾਰੀ ਬੋਲੀ ਬਣਨ ਦੇ ਸਮਰੱਥ ਹੁੰਦੀ ਹੈ?

(1) ਸਾਹਿਤਕ ਬੋਲੀ

(2) ਪੇਂਡੂ ਰੰਗਤ ਵਾਲੀ ਬੋਲੀ

(3) ਸਧਾਰਨ ਬੋਲੀ

(4) ਉਪਰੋਕਤ ਦੋਵੇਂ

**149.** ਸਿੱਖਿਆ ਦੇ ਪਾਸਾਰ ਨਾਲ ਕੀ ਹੋ ਸਕਦਾ ਹੈ?

(1) ਪੇਂਡੂ ਰੰਗਤ ਵਾਲੀ ਬੋਲੀ ਦਾ ਵਿਕਾਸ ਹੋ ਸਕਦਾ ਹੈ

(2) ਬੋਲੀ ਦੇ ਦੋਵਾਂ ਰੂਪਾਂ ਦਾ ਅੰਤਰ ਘਟ ਸਕਦਾ ਹੈ

(3) ਬੋਲੀ ਦੇ ਦੋਵਾ ਰੂਪਾਂ ਦਾ ਅੰਤਰ ਅਲੋਪ ਹੋ ਸਕਦਾ ਹੈ

(4) ਸਾਹਿਤਕ ਬੋਲੀ ਖ਼ਤਮ ਹੋ ਸਕਦੀ ਹੈ

**150.** ਕੀ ਸਾਹਿੱਤਕ ਅਤੇ ਸਾਧਾਰਨ ਜਨਤਾ ਦੀ ਬੋਲੀ ਵਿਚਲਾ ਅੰਤਰ ਖ਼ਤਮ ਹੋ ਜਾਂਦਾ ਹੈ?

(1) ਇਨ੍ਹਾਂ 'ਚੋਂ ਕੋਈ ਨਹੀਂ

(2) ਹਾਂ

(3) ਪਤਾ ਨਹੀਂ

(4) ਨਹੀਂ

SPACE FOR ROUGH WORK

**ਹੇਠ ਲਿਖਿਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ**

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐਮ.ਆਰ. (OMR) ਉੱਤਰ-ਪੱਤਰ ਦੇ **ਪੰਨਾ-2** ਵਿਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ-ਕਾਲੇ ਬਾਲ ਪੁਆਇੰਟ ਪੈਨ ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆਂ ਨਹੀਂ ਜਾ ਸਕਦਾ।

2. ਪਰੀਖਿਆਰਥੀ ਇਸ ਗੱਲਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।

3. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।

4. ਪਰੀਖਿਆ-ਪੁਸਤਿਕਾ-ਉੱਤਰਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ ਵਿੱਚ ਲਿਖਣ।

5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ-ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਰਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।

6. ਨਿਰੀਖਿਅਕ ਦੀ ਮੰਗ ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼=ਕਾਰਡ ਜ਼ਰੂਰ ਦਿਖਾਏ।

7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੋ।

8. ਨਿਰੀਖਿਅਕ ਨੂੰ ਆਪਣਾ ਉੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੂਬਾਰਾਂ ਦਸੱਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸੱਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।

9. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ।

10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।

11. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤ੍ਰਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।

12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ-ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ-ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## READ THE FOLLOWING INSTRUCTIONS CAREFULLY :

1. Out of the four alternatives for each question, only one circle for the correct answer is to be darkened completely with Blue/Black Ballpoint Pen on **Side-2** of the OMR Answer Sheet. The answer once marked is not liable to be changed.
2. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
3. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
4. The candidates will write the correct Test Booklet Code and Number as given in the Test Booklet/Answer Sheet in the Attendance Sheet.
5. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the Examination Hall/Room.
6. Each candidate must show on demand his/her Admit Card to the Invigilator.
7. No candidate, without special permission of the Superintendent or Invigilator, should leave his/her seat.
8. The candidates should not leave the Examination Hall without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet, a second time will be deemed not to have handed over the Answer Sheet and dealt with as an unfair means case.
9. Use of Electronic/Manual Calculator is prohibited.
10. The candidates are governed by all Rules and Regulations of the Board with regard to their conduct in the Examination Hall. All cases of unfair means will be dealt with as per Rules and Regulations of the Board.
11. No part of the Test Booklet and Answer Sheet shall be detached under any circumstances.
12. **On completion of the test, the candidate must hand over the Answer Sheet to the Invigilator in the Room/Hall. *The candidates are allowed to take away this Test Booklet with them.***

## निम्नलिखित निर्देशों को ध्यान से पढ़ें :

1. प्रत्येक प्रश्न के लिए दिए गए चार विकल्पों में से सही उत्तर के लिए OMR उत्तर-पत्र के **पृष्ठ-2** पर केवल एक वृत्त को ही पूरी तरह नीले/काले बॉलपॉइंट पेन से भरें। एक बार उत्तर अंकित करने के बाद उसे बदला नहीं जा सकता है।
2. परीक्षार्थी सुनिश्चित करें कि इस उत्तर-पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
3. परीक्षा पुस्तिका एवं उत्तर-पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर-पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
4. परीक्षा पुस्तिका/उत्तर-पत्र में दिए गए परीक्षा पुस्तिका संकेत व संख्या को परीक्षार्थी सही तरीके से हाजिरी-पत्र में लिखें।
5. परीक्षार्थी द्वारा परीक्षा हॉल/कक्ष में प्रवेश-कार्ड के सिवाय किसी प्रकार की पाठ्य-सामग्री, मुद्रित या हस्तलिखित, कागज की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
6. पूछे जाने पर प्रत्येक परीक्षार्थी, निरीक्षक को अपना प्रवेश-कार्ड दिखाएँ।
7. अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
8. कार्यरत निरीक्षक को अपना उत्तर-पत्र दिए बिना एवं हाजिरी-पत्र पर दुबारा हस्ताक्षर किए बिना परीक्षार्थी परीक्षा हॉल नहीं छोड़ेंगे। यदि किसी परीक्षार्थी ने दूसरी बार हाजिरी-पत्र पर हस्ताक्षर नहीं किए, तो यह माना जाएगा कि उसने उत्तर-पत्र नहीं लौटाया है और यह अनुचित साधन का मामला माना जाएगा।
9. इलेक्ट्रॉनिक/हस्तचालित परिकलक का उपयोग वर्जित है।
10. परीक्षा हॉल में आचरण के लिए परीक्षार्थी बोर्ड के सभी नियमों एवं विनियमों द्वारा नियमित हैं। अनुचित साधनों के सभी मामलों का फैसला बोर्ड के नियमों एवं विनियमों के अनुसार होगा।
11. किसी हालत में परीक्षा पुस्तिका और उत्तर-पत्र का कोई भाग अलग न करें।
12. परीक्षा सम्पन्न होने पर, परीक्षार्थी कक्ष/हॉल छोड़ने से पूर्व उत्तर-पत्र निरीक्षक को अवश्य सौंप दें। *परीक्षार्थी अपने साथ इस परीक्षा पुस्तिका को ले जा सकते हैं।*